# ਪੰਜਾਬੀ
# TMA
**(Secondary)**

ਕੁਲ ਅੰਕ : 20
**MM. : 20**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

**ਪ੍ਰ.1. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** 2

ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਾਨਵਤਾ ਦਾ ਕਲਿਆਣ ਕਰਨ ਲਈ ਤੇ ਉਹਨਾਂ ਨੂੰ ਸਹੀ ਰਾਹ ਤੇ ਪਾਉਣ ਵਾਸਤੇ ਪ੍ਰਤੀਕਾਂ ਦਾ ਸਹਾਰਾ ਲਿਆ। ਇਸੇ ਤਰ੍ਹਾਂ ਉਨ੍ਹਾਂ ਵੱਲੋਂ ਮਨੁੱਖੀ ਸੁਭਾਅ ਦੀ ਤੁਲਨਾ 'ਸਿੰਮਲ ਰੁੱਖ' ਨਾਲ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਸੰਸਾਰਕ ਜੀਵਾਂ ਨੂੰ ਸਮਝਾਉਣ ਲਈ ਹੋਰ ਕਿਹੜੇ ਦ੍ਰਿਸ਼ਟਾਂਤਾਂ ਦਾ ਸਹਾਰਾ ਲਿਆ ਹੈ।

**ਜਾਂ**

ਅਸੀਂ ਆਪਣੇ ਮਨ ਦੇ ਭਾਵ ਪ੍ਰਗਟ ਕਰਨ ਲਈ ਵਾਕਾਂ ਦਾ ਸਹਾਰਾ ਲੈਂਦੇ ਹਾਂ ਤੇ ਇਸੇ ਤਰ੍ਹਾਂ ਨਾਲ ਜਦੋਂ ਕਿਸੇ ਨਾਲ ਗੱਲਬਾਤ ਕਰਦੇ ਹਾਂ ਉਸ ਵਾਕ ਵਿੱਚ ਕਿਰਿਆ ਦਾ ਹੋਣਾ ਲਾਜ਼ਮੀ ਹੈ, ਇਹਨਾਂ ਕਿਰਿਆ ਸ਼ਬਦਾਂ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ, ਇਸ ਦੇ ਕੁੱਝ ਨਿਯਮ ਹਨ ਉਹਨਾਂ ਨਿਯਮਾਂ ਬਾਰੇ ਪਛਾਣ ਕਰਾਓ।

**ਪ੍ਰ.2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** 2

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਹੋਏ ਮਕਾਨ ਨੂੰ ਨਹੀਂ ਕਹਿੰਦੇ ਹਨ। ਘਰ ਉਹ ਹੁੰਦਾ ਹੈ ਜਿੱਥੇ ਮਨੁੱਖ ਦੀਆਂ ਇੱਛਾਵਾਂ ਪਲਦੀਆਂ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਲੇਖ 'ਘਰ ਦਾ ਪਿਆਰ' ਅੰਦਰ ਵੱਡੇ-ਵੱਡੇ ਵਿਦਵਾਨਾਂ ਬਾਰੇ ਕੀ ਵਿਚਾਰ ਪ੍ਰਗਟ ਕੀਤੇ ਹਨ ਤੇ ਤੁਸੀਂ ਉਹਨਾਂ ਵਿਦਵਾਨਾਂ ਤੋਂ ਕੀ ਸੇਧ ਲਈ ਉਸ ਬਾਰੇ ਵਿਚਾਰ ਪ੍ਰਗਟ ਕਰੋ।

**ਜਾਂ**

ਆਪਣੇ-ਆਪਣੇ ਧਰਮਾਂ ਦੇ ਅਧਾਰ ਤੇ ਅਸੀਂ ਵੇਖਦੇ ਹਾਂ ਕਿ ਕਿਸੇ ਵੀ ਮਨੁੱਖ ਦੇ ਦੁਨੀਆਂ ਤੋਂ ਵਿਦਾ ਹੋਣ ਉਪਰੰਤ ਉਸ ਨੂੰ ਆਪਣੇ ਤਰੀਕੇ ਨਾਲ ਸ਼ਰਧਾਂਜਲੀ ਜਾਂ ਯਾਦ ਕੀਤਾ ਜਾਂਦਾ ਹੈ। ਪ੍ਰਸਿੱਧ ਰਚਨਾ 'ਖਨਗਾਹ ਤੇ ਦੀਵਾ ਬਾਲਣਾ' ਸਮੇਂ ਦੇ ਕਿਸ ਪ੍ਰਸੰਗ ਨੂੰ ਪੇਸ਼ ਕਰਦਾ ਹੈ ਤੇ ਰਚਨਾ ਵਿੱਚ ਕਵੀ ਨੇ ਇਹ ਕਿਸ ਲਈ ਤੇ ਕਿਉਂ ਵਰਤਿਆ ਹੈ?

**ਪ੍ਰ.3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** 2

ਸਿਆਣੇ ਕਹਿੰਦੇ ਹਨ ਕਿ ਸਵਰਗ ਤੇ ਨਰਕ ਕਿਸੇ ਨੇ ਵੇਖੇ ਨਹੀਂ ਹਨ। ਜੇਕਰ ਵੇਖੇ ਹਨ ਤਾਂ ਉਹ ਦੱਸ ਨਹੀਂ ਸਕਿਆ। ਉਂਝ ਸਵਰਗ ਇਸੇ ਧਰਤੀ ਤੇ ਹੀ ਮੌਜੂਦ ਹੈ। ਕਹਾਣੀ 'ਸਵਰਗ ਦੀ ਝਲਕ' ਵਿੱਚ ਰਿਕਸ਼ਾ ਚਾਲਕ ਦੇ ਸੁਭਾਅ ਬਾਰੇ ਦੱਸੋ।

**ਜਾਂ**

ਮਹਾਨ ਦੇਸ਼ ਭਗਤ, ਭਗਤ ਸਿੰਘ ਨੇ ਦੇਸ ਦੀ ਆਜ਼ਾਦੀ ਖਾਤਰ ਆਪਣੀ ਹੱਸਦੇ ਹੋਏ ਜਾਨ ਵਾਰ ਦਿਤੀ ਤੇ ਮੂੰਹ ਤੋਂ ਉਫ਼ ਤੱਕ ਨਹੀਂ ਕੀਤੀ। ਭਗਤ ਸਿੰਘ ਆਜ਼ਾਦੀ ਖਾਤਰ ਦੇਸ ਦੇ ਵੱਖ-ਵੱਖ ਸੂਬਿਆਂ ਵਿੱਚ ਘੁੰਮਿਆਂ-ਫਿਰਿਆ।

ਭਗਤ ਸਿੰਘ ਲਾਹੌਰ ਵਾਪਸ ਕਿਉਂ ਆਇਆ ਇਸ ਬਾਰੇ ਜਾਣਕਾਰੀ ਦਿਉ।

ਪ੍ਰ.4. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** 4

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜੀਵਨ ਵਿੱਚ ਅਨੇਕਾਂ ਜੰਗ ਯੁੱਧ ਲੜੇ। ਉਹਨਾਂ ਦੀ ਜੰਗ ਬਾਰੇ ਪ੍ਰਸਿੱਧ ਸ਼ਾਇਰ ਸ਼ਾਹ ਮੁਹੰਮਦ ਨੇ 'ਜੰਗ ਸਿੰਘਾਂ ਤੇ ਫਰੰਗੀਆਂ' ਵਰਗੀ ਮਹਾਨ ਰਚਨਾ ਲਿਖ ਦਿੱਤੀ। ਇਸ ਰਚਨਾ ਦਾ ਭਾਵਅਰਥ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

**ਜਾਂ**

ਆਪਣੇ ਵਾਤਾਵਰਨ ਨੂੰ ਸਾਫ਼ ਤੇ ਸੁੰਦਰ ਬਣਾਉਣ ਲਈ ਸਾਨੂੰ ਕੁਦਰਤੀ ਚੀਜ਼ਾਂ ਦਾ ਸਹਾਰਾ ਲੈਣਾ ਚਾਹੀਦਾ ਹੈ। ਖਾਸ ਤੌਰ ਤੇ ਹਰਿਆਵਲ ਵਧਾਉਣ ਵਿੱਚ ਰੁੱਖਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਪ੍ਰਸਿੱਧ ਕਵੀ 'ਰੁੱਖਾਂ' ਨਾਲ ਕਿਹੋ ਜਿਹੇ ਸੰਬੰਧਾਂ ਬਾਰੇ ਗੱਲ ਕਰ ਰਹੇ ਹਨ? ਉਸ ਬਾਰੇ ਦੱਸੋ।

ਪ੍ਰ.5. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** 4

ਅੱਜ ਅਸੀਂ ਵੇਖਦੇ ਹਾਂ ਕਿ ਸਾਡੇ ਸਮਾਜ ਵਿੱਚ ਆਪਸੀ ਸਾਂਝ ਦੀ ਘਾਟ ਦਿਨ ਪ੍ਰਤੀ ਦਿਨ ਘਟਦੀ ਜਾ ਰਹੀ ਹੈ। ਖਾਸ ਤੌਰ ਤੇ ਇਹ ਸਾਂਝ ਦੁੱਖ ਦੇ ਮੌਕੇ ਤੇ ਇੱਕ ਵੱਖਰੀ ਪਛਾਣ ਕਰਾਉਂਦੀ ਪ੍ਰਤੀਤ ਹੁੰਦੀ ਹੈ। 'ਸਾਂਝ' ਕਹਾਣੀ ਅੰਦਰ ਪ੍ਰਗਟ ਕੀਤੇ ਗਏ ਸਮਾਜਕ ਸੰਬੰਧਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਹ ਦੱਸੋ ਕਿ ਲੇਖਕ ਕਿਹੜੀ ਸਾਂਝ ਦਾ ਹਵਾਲਾ ਇਥੇ ਦਿੰਦਾ ਹੈ?

**ਜਾਂ**

ਭਾਵੇਂ ਕਿ ਅੱਜ ਦਾ ਸਮਾਂ ਇੰਟਰਨੈਟ ਦਾ ਹੈ। ਲੇਕਿਨ ਫੇਰ ਵੀ ਅਜੋਕੇ ਸਮੇਂ ਅੰਦਰ 'ਪੱਤਰਾਂ' ਦੀ ਆਪਣੀ ਅਹਿਮੀਅਤ ਮੰਨੀ ਜਾਂਦੀ ਹੈ। ਰਸਮੀ ਪੱਤਰ ਕਿਹੜੇ ਹੁੰਦੇ ਹਨ ਅਤੇ ਗੈਰ ਰਸਮੀ ਪੱਤਰ ਕਿਹੜੇ। ਇਹਨਾਂ ਬਾਰੇ ਜਾਣਕਾਰੀ ਦਿਓ।

ਪ੍ਰ.6. **ਕੋਈ ਇੱਕ ਪ੍ਰੋਜੈਕਟ ਬਣਾਓ—** 6

ਪੈਂਤੀ ਅੱਖਰੀ ਦੇ ਆਧਾਰ ਤੇ 'ਸ, ਹ' ਅੱਖਰ ਨਾਲ ਸ਼ੁਰੂ ਹੁੰਦੇ ਹੋਏ ਕੋਈ ਪੰਜ ਮੁਹਾਵਰੇ ਅਰਥ ਸਪਸ਼ਟ ਕਰਦੇ ਹੋਏ ਲਿਖੋ ਅਤੇ ਨਾਲ ਹੀ 'ਕ, ਖ' ਦੇ ਆਧਾਰ ਤੇ ਪੰਜ ਅਖਾਣ ਵੀ ਲਿਖੋ ਤੇ ਇਹ ਵੀ ਦੱਸੋ ਕਿ ਪੰਜਾਬੀ ਭਾਸ਼ਾ ਅੰਦਰ ਇਹਨਾਂ ਦੀ ਅਹਿਮੀਅਤ ਹੈ।

**ਜਾਂ**

ਹੀਰ ਅਤੇ ਰਾਂਝੇ ਦੇ ਪ੍ਰੀਤ ਕਿੱਸੇ ਹੋਰ ਕਈ ਵਿਦਵਾਨਾਂ ਵੱਲੋਂ ਲਿਖੇ ਗਏ ਹਨ। ਵਾਰਿਸ ਦੀ ਹੀਰ ਤੋਂ ਅਲਾਵਾ ਕਿਸੇ ਹੋਰ ਕਿੱਸਾਕਾਰ ਦੀ ਹੀਰ ਪੜ੍ਹੋ ਤੇ ਇਹਨਾਂ ਦੇ ਅੰਤਰ ਨੂੰ ਸਮਝਦੇ ਹੋਏ ਸੌਖੀ ਭਾਸ਼ਾ ਵਿੱਚ ਉਸ ਦਾ ਭਾਵਅਰਥ ਲਿਖੋ। ਲੋੜ ਮੁਤਾਬਕ ਤਸਵੀਰਾਂ ਦੀ ਵਰਤੋਂ ਕਰ ਸਕਦੇ ਹੋ।